ਮੁੱਖ ਮਹਿਮਾਨ ਐਸ.ਡੀ.ਐਮ.ਪੂਨਮਦੀਪ ਕੌਰ ਕਾਲਜ ਦੇ ਸਮਾਗਮ ਦੌਰਾਨ ਇਨਾਮ ਤਕਸੀਮ ਕਰਦੇ ਹੋਏ। ਤਸਵੀਰ: ਬਾਂਸਲ

ਕਾਲਜ ਦਾ ਸਾਲਾਨਾ ਸਮਾਗਮ ਕਰਵਾਇਆ

ਅਮਲੋਹ, 14 ਫਰਵਰੀ (ਵਿਪਨ ਬਾਂਸਲ)- ਬੀਬੀ ਭਾਨੀ ਕਾਲਜ ਬੁੱਗਾ ਕਲਾਂ ਵਿਖੇ 7ਵਾਂ ਸਲਾਨਾ ਸਮਾਗਮ ਕਰਵਾਇਆਂ ਗਿਆ ਜਿਸ ਦਾ ਉਦਘਾਟਨ ਸ੍ਰੀ ਬਲਬਿੰਦਰ ਸਿੰਘ ਐਨ.ਆਰ.ਆਈ. ਨੇ ਕੀਤਾ। ਐਸ.ਡੀ.ਐਮ. ਅਮਲੋਹ ਸ੍ਰੀਮਤੀ ਪੂਨਮਦੀਪ ਕੌਰ ਨੇ ਮੁੱਖ ਮਹਿਮਾਨ ਵਜੋਂ ਸਿਰਕੱਤ ਕੀਤੀ। ਇਸ ਮੌਕੇ ਉਨ੍ਹਾਂ ਆਖਿਆਂ ਕਿ ਜਿੰਦਗੀ ਵਿਚ ਵੱਡੀ ਤੋਂ ਵੱਡੀ ਮੁਸ਼ਕਲ ਸਾਹਮਣਾ ਕਰਨ ਲਈ ਇਨਸਾਨ ਨੂੰ ਸਿੱਖਿਅਤ ਹੋਣਾ ਜਰੂਰੀ ਹੈ। ਉਨ੍ਹਾਂ ਕਾਲਜ ਪ੍ਰਬੰਧਕਾਂ ਦੀ ਪੇਂਡੂ ਖੇਤਰ ਵਿਚ ਕੀਤੇ ਇਸ ਉਦੱਮ ਦੀ ਸ਼ਲਾਘਾ ਕੀਤੀ। ਇਸ ਮੌਕੇ ਕੌਂਸਰ ਪਰਮਜੀਤ ਸਿੰਘ ਰੁਪਾਲ ਨੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਨੇਤਿਕ ਕਦਰਾਂ ਕੀਮਤਾਂ ਅਪਣਾਉਣ ਤੇ ਜੋਰ ਦਿੱਤਾ। ਇਸ ਸਮਾਗਮ ਵਿਚ ਮਾਂਈ ਭਾਗੋਂ ਬ੍ਰਿਗੇਡ ਪਟਿਆਲਾ ਦੇ ਮੁੱਖੀ ਡਾ. ਕੁਲਵੰਤ ਕੌਰ ਨੂੰ ਬੀਬੀ ਭਾਨੀ ਸੇਵਾ ਸਨਮਾਨ ਦੇ ਕੇ ਸਨਮਾਨਤ ਕੀਤਾ ਗਿਆ ਜਿਨ੍ਹਾਂ ਆਪਣੇ ਸੰਬੋਧਨ ਵਿਚ ਔਰਤਾਂ ਅਤੇ ਮਰਦਾਂ ਵਿਚ ਕੋਈ ਭੇਦ ਭਾਵ ਨਾਲ ਹੋਣ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੋ ਗਰੀਬ ਅਤੇ ਲੋੜਵੰਦ ਵਿਦਿਆਰਥਣਾਂ ਨੂੰ ਪੜ੍ਹਾਈ ਲਈ ਖਰਚਾ ਦੇਣ ਦਾ ਐਲਾਨ ਕੀਤਾ। ਇਸ ਮੌਕੇ ਬਲਬਿੰਦਰ ਸਿੰਘ ਘਟੋੜਾ ਵੱਲੋਂ 5100, ਬਹਾਦਰ ਸਿੰਘ ਲੱਖਾ ਸਿੰਘ ਵਾਲਾ ਵੱਲੋਂ 3100 ਅਤੇ ਰਣਜੀਤ ਸਿੰਘ ਬੁੱਗਾ ਕਲਾਂ ਵੱਲੋਂ 1500 ਰੁਪਏ ਦੀ ਰਾਸ਼ੀ ਕਾਲਜ ਦੀ ਸਹਾਇਤਾ ਲਈ ਦਿੱਤੀ। ਇਸ ਸਮਾਗਮ ਵਿਚ ਪਰਦੀਪ ਅਤੇ ਕਿਰਨ ਨੇ ਸਰੋਤਿਆਂ ਨੂੰ ਦਿਲ ਖਿਚਵਾ ਅਤੇ ਹਾਸਾਰੰਸ ਪ੍ਰੋਗਰਾਮ ਪੇਸ਼ ਕੀਤਾ। ਅੰਤ ਵਿਚ ਮਾਸਟਰ ਦਰਬਾਰਾ ਸਿੰਘ ਨੇ ਪਹੁੰਚੇ ਮਹਿਮਾਨਾਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ।

ਨੌਜਵਾਨ ਦੇਸ਼ ਦੇ ਵਿਕਾਸ ਲਈ ਅੱਗੇ ਆਉਣ-ਮਨਪ੍ਰੀਤ

ਮੰਡੀ ਗੋਬਿੰਦਗੜ੍ਹ, 14 ਫਰਵਰੀ (ਵਿਪਨ ਬਾਂਸਲ)- ਪੰਜਾਬ ਦੇ ਖਜਾਨਾ ਮੰਤਰੀ ਸ੍ਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਦੇਸ ਦੇ ਪਰਵਾਨਿਆਂ ਅਤੇ ਆਪਣੇ ਵਡੇਰਿਆਂ ਦੇ ਸੁਪਨੇ ਸਾਕਾਰ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਵਿਦਿਆ ਦੇ ਖੇਤਰ ਵਿਚ ਆ ਰਹੀ ਆਧੁਨਿਕ ਟੈਕਨਾਲੋਜੀ ਦਾ ਜ਼ਿਕਰ ਕਰਦਿਆ ਉਨ੍ਹਾਂ ਕਿਹਾ ਕਿ ਅੱਜ ਦੇ ਮੁਕਾਬਲੇਬਾਜੀ ਦੇ ਯੁਗ ਵਿਚ ਅਸੀ ਦੂਸਰੇ ਦੇਸ਼ਾ ਦਾ ਤਾਂ ਹੀ ਮੁਕਾਬਲਾ ਕਰ ਸਕਾਗੇ ਜੇਕਰ ਅਸੀ ਮਿਆਰੀ ਵਿਦਿਆ ਹਾਸਲ ਕਰਾਗੇ। ਉਨ੍ਹਾਂ ਅਧਿਆਪਕ ਵਰਗ ਨੂੰ ਭੇਤ ਭਰੀ ਖਾਮੋਸੀ ਧਾਰਨ ਦੀ ਥਾਂ ਇਮਾਨਦਾਰੀ ਨਾਲ ਬੱਚਿਆ ਦਾ ਸੁਨਿਹਰੀ ਭਵਿਖ ਬਨਾਉਣ ਲਈ ਅਗੇ ਆਉਣ ਦੀ ਅਪੀਲ ਕੀਤੀ। ਸ੍ਰੀ ਬਾਦਲ ਅੱਜ ਦੇਸ ਭਗਤ ਗਰੁੱਪ ਆਫ਼ ਇੰਸਟੀਚਿਊਟਸ ਮੰਡੀ ਗੋਬਿੰਦਗੜ੍ਹ ਦੇ ਸਥਾਪਨਾ ਦਿਵਸ ਦੇ ਮੌਕੇ ਤੇ ਮੁੱਖਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਉਨ੍ਹਾਂ ਦਸਿਆ ਕਿ ਸਾਡੇ ਦੇਸ ਵਿਚ 300 ਮਿਲੀਅਨ ਵਿਅਕਤੀ ਸਿਰਫ਼ 25 ਰੁਪਏ ਪ੍ਰਤੀ ਦਿਹਾੜੀ ਤੇ ਗੁਜਾਰਾ ਕਰਨ ਲਈ ਮਜਬੂਰ ਹੋ ਰਿਹਾ ਹੈ ਅਤੇ ਹਰ ਦੂਸਰਾ ਬੱਚਾ ਸਿਹਤ ਪੱਖੋ ਤੰਦਰੁਸਤ ਨਹੀਂ। ਇਸ ਮੌਕੇ ਤੇ ਉਨ੍ਹਾਂ ਲੜਕਿਆਂ ਦੇ ਹੋਸਟਲ ਦੇ ਨਵੇ ਬਲਾਕ ਦਾ ਵੀ ਉਦਘਾਟਨ ਕੀਤਾ। ਵਾਤਾਵਰਨ ਨੂੰ ਸਾਫ਼ ਸੁਥਰਾ ਬਨਾਉਣ ਲਈ ਉਨ੍ਹਾਂ ਬੂਟੇ ਲਗਾਏ ਅਤੇ ਨਵੀ ਵੈਬ ਸਾਈਟ ਦਾ ਵੀ ਉਦਘਾਟਨ ਕੀਤਾ। ਕਾਲਜ ਦੇ ਵਿਦਿਆਰਥੀਆਂ ਵਲੋਂ ਇਸ ਮੌਕੇ ਤੇ ਸਾਨਦਾਰ ਰੰਗਾਰੰਗ ਪ੍ਰੋਗਰਾਮ ਪੇਸ ਕੀਤਾ ਗਿਆ ਜਿਸ ਵਿਚ ਕਲਾਂਸੀਕਲ ਡਾਂਸ, ਲੋਕ ਗੀਤ ਅਤੇ ਭਰੂਣ ਹੱਤਿਆਂ ਖਿਲਾਫ਼ ਇਕ ਸਕਿੱਟ ਸਾਮਲ ਸੀ। ਦੇਸ ਭਗਤ ਗਰੁੱਪ ਦੇ ਚੈਅਰਮੈਨ ਡਾ. ਜੋਰਾ ਸਿੰਘ ਅਤੇ ਡਾਇਰੈਕਟਰ ਜਨਰਲ ਸ੍ਰੀਮਤੀ ਸਾਲਨੀ ਗੁੱਪਤਾ ਨੇ ਮੁੱਖਮਹਿਮਾਨ ਅਤੇ ਪਤਵੰਤਿਆਂ ਨੂੰ ਜੀ ਆਇਆ ਨੂੰ ਕਿਹਾ ਅਤੇ ਕਾਲਜ਼ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸ਼ੋ੍ਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਅਤੇ ਮਾਰਕੀਟ ਕਮੇਟੀ ਅਮਲੋਹ ਦੇ ਚੈਅਰਮੈਨ ਸ੍ਰੀ ਰਣਧੀਰ ਸਿੰਘ ਭਾਂਬਰੀ, ਸ਼ੋ੍ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਵਿੰਦਰ ਸਿੰਘ ਖਾਲਸਾ, ਸ਼ੋ੍ਮਣੀ ਅਕਾਲੀ ਦਲ ਦੇ ਜ਼ਿਲ੍ਹਾ ਜਨਰਲ ਸਕੱਤਰ ਸਵਰਨ ਸਿੰਘ ਬਿੱਲੂ, ਜਥੇਦਾਰ ਮੋਹਨ ਸਿੰਘ ਚਤਰਪੁਰਾ, ਸੁਰਜੀਤ ਸਿੰਘ ਬਰੌਂਗਾ, ਦੇਸ ਭਗਤ ਗਰੁੱਪ ਦੀ ਵਾਈਸ ਚੈਅਰਪਰਸਨ ਸ੍ਰੀਮਤੀ ਤੇਜਿੰਦਰ ਕੌਰ ਅਤੇ ਕੌਂਸਲਰ ਤਜਿੰਦਰ ਸਿੰਘ ਹਾਜਰ ਸਨ। ਬਾਅਦ ਵਿਚ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਆਉਣ ਵਾਲੇ ਬਜਟ ਸੈਸਨ ਵਿਚ ਪੰਜਾਬ ਦੀ ਜਨਤਾ ਉਪਰ ਕੋਈ ਵੀ ਨਵਾਂ ਟੈਕਸ ਨਹੀਂ ਲਗਾਇਆ ਜਾਵੇਗਾ। ਪੰਜਾਬ ਦੇ ਲੋਕਾਂ, ਮੁਲਾਜਮਾਂ ਅਤੇ ਵਪਾਰੀਆਂ ਨੂੰ ਇਸ ਬਜਟ ਵਿਚ ਸਹੂਲਤਾਂ ਦੇਣ ਬਾਰੇ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਸ ਬਾਰੇ ਪਹਿਲਾ ਕੁਝ ਨਹੀ ਕਿਹਾ ਜਾ ਸਕਦਾ।

ਪੰਜਾਬ ਦੇ ਖਜਾਨਾ ਮੰਤਰੀ ਸ੍ਰੀ ਮਨਪ੍ਰੀਤ ਸਿੰਘ ਬਾਦਲ ਅਤੇ ਮਾਰਕੀਟ ਕਮੇਟੀ ਅਮਲੋਹ ਦੇ ਚੈਅਰਮੈਨ ਸ੍ਰੀ ਰਣਧੀਰ ਸਿੰਘ ਭਾਂਬਰੀ ਦੇਸ ਭਗਤ ਕਾਲਜ ਦੇ ਸਥਾਪਨਾ ਦਿਵਸ ਮੌਕੇ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ। ਤਸਵੀਰ: ਵਿਪਨ ਬਾਂਸਲ

ਪੱਖੋ ਕਲਾਂ ਵਿਖੇ ਬਾਲਮੀਕ ਸਮਾਗਮ ਦੀਆਂ ਝਲਕੀਆਂ।

ਮਹਾਰਿਸ਼ੀ ਬਾਲਮੀਕ ਦੀ ਯਾਦ 'ਚ ਧਾਰਮਿਕ ਸਮਾਗਮ ਕਰਵਾਇਆ

ਪੱਖੋ ਕਲਾਂ 14 ਫਰਵਰੀ (ਨਰੇਸ਼ ਗਰਗ)-ਸਥਾਨਕ ਪਿੰਡ ਦੀ ਬਾਸੋ ਪੱਤੀ ਦੀ ਧਰਮਸ਼ਾਲਾ ਵਿੱਚ ਮਹਾਂਰਿਸ਼ੀ ਬਾਲਮੀਕ ਦੀ ਯਾਦ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਤੇ ਹਲਕਾ ਵਿਧਾਇਕ ਤੇ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਬਲਵੀਰ ਸਿੰਘ ਘੁੰਨਸ ਨੇ ਬੋਲਦਿਆਂ ਕਿਹਾ ਕਿ ਦਲਿਤ ਭਾਈਚਾਰੇ ਨੇ ਹਰ ਧਰਮ ਵਿੱਚ ਹਮੇਸਾਂ ਅੱਗੇ ਹੋ ਕੇ ਕੁਰਬਾਨੀ ਦਿੱਤੀ। ਭਾਈ ਜੀਵਨ ਸਿੰਘ ਤੇ ਭਾਈ ਜੈਤਾ ਜੀ ਨੇ ਸਿੱਖ ਧਰਮ ਵਿੱਚ ਕੁਰਬਾਨੀ ਕਰ ਕੇ ਆਪਣਾ ਨਾਮ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਦਰਜ ਕਰਵਾਇਆ ਅਤੇ ਰੰਗਰੇਟੇ ਗੁਰੂ ਕੇ ਬੇਟੇ ਦਾ ਖਿਤਾਬ ਪਾਇਆ। ਉਹਨਾਂ ਇਸ ਮੌਕੇ ਤੇ ਧਰਮਸਾਲਾ ਨੂੰ 1ਲੱਖ ਰੁਪੈ ਦੀ ਗਰਾਂਟ ਵੀ ਦਿੱਤੀ। ਸਮਾਗਮ ਨੂੰ ਇਸ ਤੋਂ ਇਲਾਵਾ ਸਾਬਕਾ ਵਿਧਾਇਕ ਬਚਨ ਸਿੰਘ ਪੱਖੋ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤੇ ਟਰੱਕ ਯੂਨੀਅਨ ਤਪਾ ਦੇ ਪ੍ਰਧਾਨ ਕੁਲਵੰਤ ਸਿੰਘ ਬੋਘਾ, ਕਾਂਗਰਸ਼ ਦੇ ਕਿਸਾਨ ਸੈੱਲ ਦੇ ਜਿਲਾ ਪ੍ਰਧਾਨ ਬਲਵਿੰਦਰ ਸਿੰਘ ਖੀਪਲ, ਜ਼ਿਲ੍ਹਾ ਸਿਕਾਇਤ ਨਿਵਾਰਨ ਕਮੇਟੀ ਦੇ ਮੈਂਬਰ ਅਜੀਤ ਸਿੰਘ, ਸਰਪੰਚ ਸ੍ਰੀਮਤੀ ਰਾਜਕਰਨੀ,ਬਲਦੇਵ ਸਿੰਘ, ਮਹਿੰਦਰ ਪਾਲ ਸਰਮਾਂ,ਪੰਚ ਸੁਖਜੀਤ ਸਿੰਘ, ਬਲਾਕ ਸੰਮਤੀ ਬਰਨਾਲਾ ਦੇ ਵਾਇਸ਼ ਚੇਅਰਮੈਨ ਡਾ.ਬਲਵੀਰ ਸਿੰਘ,ਬੂਟਾ ਸਿੰਘ ਤੇ ਹੋਰ ਪਤਵੰਤੇ ਸੱਜਣ ਹਾਜਰ ਸਨ।

ਲੱਖਾਂ ਰੁਪਏ ਦਾ ਰਗੜਾ ਲਾ ਰਹੀਆਂ ਹਨ ਸਰਕਾਰ ਨੂੰ ਬਿਨਾਂ ਪਰਮਿਟ ਚਲਦੀਆਂ ਟੈਕਸੀਆਂ

ਬੁੱਲ੍ਹੋਵਾਲ, 14 ਫਰਵਰੀ (ਪ.ਪ.)- ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਚਿਤਾਵਨੀ ਦੇਣ ਦੇ ਬਾਵਜੂਦ ਵੀ ਵੱਡੀ ਗਿਣਤੀ ਵਿੱਚ ਘਰੇਲੂ ਵਾਹਨਾਂ ਨੂੰ ਬਿਨਾਂ ਸਰਕਾਰੀ ਪਰਮਿਟ ਤੋਂ ਟੈਕਸੀ ਵਜੋਂ ਚਲਾ ਕੇ ਸਰਕਾਰੀ ਖਜ਼ਾਨਿਆਂ ਨੂੰ ਲੱਖਾਂ ਰੁਪਏ ਦਾ ਰਗੜਾ ਲਗਾਇਆ ਜਾ ਰਿਹਾ ਹੈ। ਬੁੱਲ੍ਹੋਵਾਲ ਕਸਬੇ ਵਿੱਚ ਚਲਦੀਆਂ ਟੈਕਸੀਆਂਬਾਰੇ ਉੱਚ ਅਧਿਕਾਰੀਆਂ ਨੇ ਚੁੱਪ ਵੱਟੀ ਹੋਈ ਹੈ। ਪੂਰੇ ਹੁਸ਼ਿਆਰਪੁਰ ਜ਼ਿਲ੍ਹਾ ਵਿੱਚ ਅਧਿਕਾਰੀਆਂ ਦੀਆਂ ਕਥਿਤ ਮਿਲੀ ਭੁਗਤ ਨਾਲ 1600 ਤੋਂ ਵੱਧ ਗੈਰ ਕਾਨੂੰਨੀ ਟੈਕਸੀਆਂ ਚੱਲ ਰਹੀਆਂ ਹਨ ਜੋ ਕਿ ਜ਼ਿਲ੍ਹੇ ਦੇ ਹਰ ਪਿੰਡ ਅਤੇ ਸ਼ਹਿਰ ਦੇ ਟੈਕਸੀ ਸਟੈਂਡਾਂ ਤੇ ਹਰ ਸਮੇਂ ਖੜ੍ਹੀਆਂ ਰਹਿੰਦੀਆਂ ਹਨ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੋਈ ਵੀ ਗੱਡੀ ਟੈਕਸਾ ਚਲਾਉਣ ਲਈ ਟਰਾਂਸਪੋਰਟ ਵਿਭਾਗ ਪਾਸੋਂ ਪਰਮਿਟ ਲੈਣਾ ਪੈਂਦਾ ਹੈ। ਇਸ ਪਰਮਿਟ ਲਈ ਸਰਕਾਰੀ ਫੀਸ ਸਾਲਾਨਾ ਟੈਕਸ ਵਜੋਂ ਜਮ੍ਹਾਂ ਕਰਾਉਣੀ ਪੈਂਦੀ ਹੈ। ਇਸ ਤੋਂ ਇਲਾਵਾ ਟੈਕਸੀ ਵਜੋਂ ਚੱਲਦੀ ਗੱਡੀ ਜਦੋਂ ਵੀ ਕਿਸੇ ਹੋਰ ਰਾਜ ਵਿੱਚ ਜਾਂਦੀ ਹੈ ਤਾਂ ਉਸ ਰਾਜ ਦੇ ਟਰਾਂਸਪੋਰਟ ਵਿਭਾਗ ਨੂੰ ਵੀ ਵੱਖਰਾ ਟੈਕਸ ਅਦਾ ਕਰਨਾ ਪੈਂਦਾ ਹੈ। ਸੂਤਰਾਂ ਅਨੁਸਾਰ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵੱਡੇ-ਵੱਡੇ ਟੈਕਸੀ ਸਟੈਂਡ ਖੁੱਲ੍ਹੇ ਹੋਏ ਹਨ ਜਿਵੇਂ ਬੁੱਲ੍ਹੋਵਾਲ, ਪਡਿਆਲਾ ਸੈਣੀਆਂ, ਸਰਾਂ, ਹਰਿਆਣਾ, ਟਾਂਡਾ, ਹੁਸ਼ਿਆਰਪੁਰ, ਨੰਦਾਚੌਰ ਆਦਿ ਵਿਖੇ ਟੈਕਸੀਆਂ ਦੇ ਮਾਲਕਾਂ ਵਲੋਂ ਟੈਕਸੀ ਯੂਨੀਅਨ ਬਣਾਈਆਂ ਗਈਆਂ ਹਨ। ਇੱਥੇ ਤਿੰਨ ਚਾਰ ਗੱਡੀਆਂ ਦੇ ਪਰਮਿਟ ਲੈ ਕੇ ਬਾਕੀ ਗੱਡੀਆਂ ਨਜਾਇਜ਼ ਤੌਰ 'ਤੇ ਟੈਕਸੀ ਵਜੋਂ ਚਲਾਈਆਂ ਜਾ ਰਹੀਆਂ ਹਨ ਅਤੇ ਸਰਕਾਰ ਨੂੰ ਲੱਖਾਂ ਪਏ ਦਾ ਚੂਨਾ ਲਗਾ ਰਹੀਆਂ ਹਨ ਅਤੇ ਟਰਾਂਸਪੋਰਟ ਅਫ਼ਸਰਾਂ ਦੇ ਅਖੀਂ ਘੱਟਾ ਪਾ ਕੇ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਬੁੱਲ੍ਹੋਵਾਲ ਕਸਬੇ ਵਿੱਚ ਅੱਡੇ ਤੇ ਖੜ੍ਹੀਆਂ ਭਾਰ ਢਾਉਣ ਵਾਲੀਆਂ ਕੁਝ ਗੱਡੀਆਂ ਵੀ ਪਰਮਿਟ ਤੇ ਬਿਨਾਂ ਚਲਾਈਆਂ ਜਾ ਰਹੀਆਂ ਹਨ। ਉਕਤ ਯੂਨੀਅਨ ਦੇ ਆਗੂ ਟੈਕਸੀ ਸਟੈਂਡਾਂ ਤੇ ਖੜ੍ਹੀਆਂ ਅਤੇ ਜ਼ਿਲ੍ਹੇ ਦੀਆਂ ਸੜਕਾਂ ਤੇ ਚੱਲ ਰਹੀਆਂ ਉਕਤ ਗੈਰੀ ਕਾਨੂੰਨੀ ਟੈਕਸੀਆਂ ਟ੍ਰੈਫਿਕ ਅਤੇ ਟਰਾਂਸਪੋਰਟ ਅਧਿਕਾਰੀਆਂ ਦੀ ਕਾਰਗੁਜ਼ਾਰੀ ਤੇ ਪ੍ਰਸ਼ਨ ਚਿੰਨ੍ਹ ਲਗਾ ਰਹੀਆਂ ਹਨ। ਇਸ ਸੰਬੰਧੀ ਜਦੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਟਰਾਂਸਪੋਰਟ ਅਫ਼ਸਰ ਬੀ.ਐਸ. ਧਾਲੀਵਾਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਆਪਣੀ ਡਿਊਟੀ 'ਤੇ ਦਿਨ ਰਾਤ ਹਾਜ਼ਰ ਰਹਿੰਦੇ ਹਨ। ਚੱਲਦੀਆਂ ਨਜਾਇਜ਼ ਪਰਮਿਟ ਤੋਂ ਟੈਕਸੀਆਂ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਚੱਲਦੀਆਂ ਨਜਾਇਜ਼ ਟੈਕਸੀਆਂ ਦੇ ਚਲਾਨ ਕੱਟ ਕੇ ਉਹਨਾਂ ਨੂੰ ਬੋਡ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਅੱਗੇ ਨਾਲੋਂ ਸਰਕਾਰ ਨੇ ਟੈਕਸ ਘਟਾ ਦਿੱਤੇ ਹਨ। ਹਰੇਕ ਟੈਕਸੀ ਚਾਲਕ ਆਪਣਾ ਆਪਣਾ ਟੈਕਸ ਜਮ੍ਹਾਂ ਕਰਵਾਏ ਪਰਮਿਟ ਤੋਂ ਬਿਨਾਂ ਚੱਲਦੀਆਂ ਟੈਕਸੀਆਂ ਨੂੰ ਸੜਕ ਤੇ ਨਾ ਚੱਲਣ ਦਿੱਤਾ ਜਾਵੇ ਅਤੇ ਟੈਕਸੀ ਚਾਲਕਾਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ।

ਖੇਡ ਮੇਲੇ ਦਾ ਪੋਸਟਰ ਰਿਲੀਜ਼ ਕਰ ਰਹੇ ਬਾਬਾ ਚਰਨਪੁਰੀ ਤੇ ਕਲੱਬ ਦੇ ਅਹੁਦੇਦਾਰ।

11ਵੇਂ ਖੇਡ ਮੇਲੇ ਦਾ ਪੋਸਟਰ ਰਿਲੀਜ਼

ਪੱਖੋ ਕਲਾਂ,14 ਫਰਵਰੀ (ਨਰੇਸ਼ ਗਰਗ)-ਪਿੰਡ ਪੱਖੋ ਕਲਾਂ ਦੇ ਯੁਵਕ ਸੇਵਾਵਾਂ ਕਲੱਬ ਵੱਲੋਂ ਸ਼ਹੀਦ ਰਣਜੀਤ ਸਿੰਘ ਤੇ ਨਾਜਰ ਸਿੰਘ ਡੀ.ਪੀ. ਦੀ ਯਾਦ ਵਿੱਚ 20,21,22 ਫਰਵਰੀ ਨੂੰ ਕਰਵਾਏ ਜਾ ਰਹੇ 11ਵੇਂ ਖੇਡ ਮੇਲੇ ਦਾ ਪੋਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਜ ਬਾਬਾ ਬਚਨਪੁਰੀ ਨੇ ਰਿਲੀਜ ਕੀਤਾ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਸੁਖਪਾਲ ਸਿੰਘ ਸਮਰਾ ਨੇ ਦੱਸਿਆ ਕਿ ਇਸ ਖੇਡ ਮੇਲੇ ਵਿੱਚ ਕਬੱਡੀ ਓਪਨ,70 ਕਿੱਲੋ,60 ਕਿੱਲੋ,55 ਕਿੱਲੋ,48 ਤੇ 36 ਕਿੱਲੋ ਵਰਗ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਮੌਕੇ ਤੇ ਕਲੱਬ ਦੇ ਸਰਪ੍ਰਸਤ ਡਾ. ਸੁਖਮਿੰਦਰ ਸਿੰਘ, ਗੁਰਤੇਜ ਸਿੰਘ, ਜਗਤਾਰ ਸਿੰਘ,ਪੰਚ ਸੁਖਜੀਤ ਸਿੰਘ,ਗੁਰਵਿੰਦਰ ਸਿੰਘ,ਰਾਜ ਕੁਮਾਰ, ਹਰਪਾਲ ਸਿੰਘ, ਗੁਲਾਬ ਸਿੰਘ, ਇਕਬਾਲ ਸਿੰਘ,ਪੀ.ਟੀ.ਯੂ.ਲਰਨਿੰਗ ਸੈਂਟਰ ਪੱਖੋ ਕਲਾਂ ਦੇ ਡਾਇਰੈਕਟਰ ਹਰਦੀਪ ਸਿੰਘ ਘੁੰਨਸ ਹਾਜਰ ਸਨ।

ਸਕੂਲ 'ਚ 19ਵਾਂ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

ਗੋਨਿਆਣਾ ਮੰਡੀ, 14 ਫਰਵਰੀ (ਸਤਪਾਲ ਬਾਂਸਲ)- ਸਥਾਨਕ ਦਸਮੇਸ਼ ਪਬਲਿਕ ਹਾਈ ਸਕੂਲ ਗੋਨਿਆਣਾ ਦਾ 19ਵਾਂ ਸਾਲਾਨਾ ਇਨਾਮ ਵੰਡ ਸਮਾਰੋਹ ਸਕੂਲ ਦੇ ਵਿਹੜੇ ਵਿਚ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸ: ਬਲਕਾਰ ਸਿੰਘ ਪ੍ਰਧਾਨ ਜ਼ਿਲ੍ਹਾ ਯੂਥ ਅਕਾਲੀ ਦਲ (ਬਾਦਲ) ਅਤੇ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਪਹੁੰਚੇ। ਉਨ੍ਹਾਂ ਦੇ ਨਾਲ ਸ: ਗੁਰਬੰਸ ਸਿੰਘ ਬਰਾੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗੋਨਿਆਣਾ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਇੱਕ ਸ਼ਬਦ ਗਾਇਨ ਨਾਲ ਹੋਈ। ਸਕੂਲ ਦੇ ਬੱਚਿਆਂ ਨੇ ਵੱਖ-ਵੱਖ ਆਈਟਮਾਂ ਤੇ ਡਾਂਸ ਪੇਸ਼ ਕੀਤੇ। ਕੁਝ ਬੱਚਿਆਂ ਨੇ ਕੋਰਿਓਗ੍ਰਾਫੀਆਂ ਵੀ ਪੇਸ਼ ਕਰਕੇ ਸਭ ਦਾ ਮਨਮ ਮੋਹ ਲਿਆ। ਮੁੱਖ ਅਧਿਆਪਕ ਸ: ਕਰਮਬੀਰ ਸਿੰਘ ਨੇ ਇਸ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਸਕੂਲ ਦੀ ਸਾਲਾਨਾ ਪ੍ਰਗਤੀ ਰਿਪੋਰਟ ਪੜ੍ਹਕੇ ਸੁਣਾਈ। ਇਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਸਕੂਲ ਆਪ ਸਭ ਦੇ ਸਹਿਯੋਗ ਸਦਕਾ ਸਫ਼ਲਤਾ ਲਈ ਨਵੀਆਂ ਪੁਲਾਘਾਂ ਪੁੱਟ ਰਿਹਾ ਹੈ। ਇਹ ਸੰਸਥਾ 1991 ਵਿੱਚ ਸ਼ੁਰੂ ਹੋਈ ਇਸ ਸੰਸਥਾ ਵਿੱਚ ਅੱਜ ਲੱਗਭੱਗ ਇੱਕ ਹਜ਼ਾਰ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਨੇ ਸਕੂਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਸਭ ਦੇ ਸਾਹਮਣੇ ਰੱਖੀਆਂ। ਦਸਵੀਂ ਜਮਾਤ ਵਿੱਚੋਂ ਜਸ਼ਨਦੀਪ ਕੌਰ ਅਤੇ ਮਨਪ੍ਰੀਤ ਕੌਰ ਨੂੰ ਮਾਤਾ ਬਚਿੰਤ ਕੌਰ ਮੈਮੋਰੀਅਲ ਐਵਾਰਡ ਦੇ ਰੂਪ ਵਿੱਚ ਸੋਨੇ ਦੇ ਮੈਡਲ ਅਤੇ ਦੂਜੇ, ਤੀਜੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਵਰਿੰਦਰਪ੍ਰੀਤ ਕੌਰ, ਹਰਦੀਪ ਕੌਰ ਨੂੰ ਸਪਨਬੀਰ ਮੈਮੋਰੀਅਲ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਅੱਠਵੀਂ ਜਮਾਤ 'ਚੋਂ ਮੈਰਿਟ ਤੇ ਆਉਣ ਵਾਲਿਆਂ ਬੱਚਿਆਂ ਨੂੰ ਸਿਲਵਰ ਮੰਡਲ ਪ੍ਰਦਾਨ ਕੀਤੇ ਗਏ। ਇਸ ਉਪਰੰਤ ਹਰੇਕ ਜਮਾਤ ਵਿੱਚੋਂ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜਾਬ ਪੱਧਰ ਤੇ ਖੇਡਾਂ ਵਿੱਚ ਭਾਗ ਲੈਣ ਵਾਲੇ 13 ਬੱਚਿਆਂ ਨੂੰ ਅਤੇ 300 ਸਾਲ ਗੁਰਬਾਣੀ ਕੰਠ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਨੇ ਆਪਣੇ ਸੰਬੋਧ ਵਿੱਚ ਸਕੂਲ ਦੀ ਬਹੁਤ ਸ਼ਲਾਘਾ ਕੀਤੀ ਅਤੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਬਹੁਤ ਸ਼ਲਾਗਾ ਕੀਤੀ ਅਤੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਕੀਤੀ। ਸ: ਹਰਬੰਸ ਸਿੰਘ ਬਰਾੜ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਕੂਲ ਦੇ ਸਰਪ੍ਰਸਤ ਕਮਲਬੀਰ ਸਿੰਘ ਖਹਿਰਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਅਧਿਆਪਕ, ਬੱਚਿਆਂ ਅਤੇ ਬੱਚਿਆਂ ਦੇ ਮਾਪਿਆਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਸਟੇਜ ਸਕੱਤਰ ਦੀ ਭੂਮਿਕਾ ਗੁਰਸ਼ਰਨ ਸਿੰਘ ਨੇ ਨਿਭਾਈ।

ਗੋਨਿਆਣਾ ਮੰਡੀ ਵਿਖੇ ਦਸਮੇਸ਼ ਪਬਲਿਕ ਸਕੂਲ ਵਿਖੇ ਕਰਵਾਏ ਗਏ ਇਨਾਮ ਵੰਡ ਸਮਾਰੋਹ ਦੌਰਾਨ ਵੱਖ-ਵੱਖ ਝਲਕੀਆਂ। ਫੋਟੋ: ਵਨੀਤ ਬਾਂਸਲ

'ਅੰਮ੍ਰਿਤਸਰ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਦੀ ਲੋੜ ਹੈ

ਅੰਮ੍ਰਿਤਸਰ, 14 ਫਰਵਰੀ (ਮੋਤਾ ਸਿੰਘ)- ਸ੍ਰੀ ਹਰਿਮੰਦਰ ਸਾਹਿਬ ਹਮੇਸ਼ਾਂ ਹੀ ਅੰਮ੍ਰਿਤਸਰ ਦੇ ਸੈਰ ਸਪਾਟਾ ਦਾ ਮੁੱਖ ਕੇਂਦਰ ਰਿਹਾ ਅਤੇ ਹਮੇਸ਼ਾ ਰਹੇਗਾ, ਪਰ ਸ਼ਹਿਰ ਦੇ ਆਰਥਿਕ ਵਿਕਾਸ ਲਈ ਸਾਨੂੰ ਦੂਜੈਲੇ ਸੈਰ ਸਪਾਟਾ ਕੇਂਦਰਾਂ ਦੇ ਵਿਕਾਸ 'ਤੇ ਵੀ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਇਹ ਵਿਚਾਰ ਖ਼ਾਲਸਾ ਕਾਲਜ ਵਿਖੇ ਅਮਰੀਕਾ ਦੇ ਉੱਘੇ ਇੰਜੀਨੀਅਰ ਹਰਜਾਪ ਸਿੰਘ ਔਜਲਾ ਨੇ 'ਅੰਮ੍ਰਿਤਸਰ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਿਤ ਕਰਨ ਦੀ ਲੋੜ ਵਿਸ਼ੇ 'ਤੇ ਆਯੋਜਿਤ ਸੈਮੀਨਾਰ ਮੌਕੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਸਾਨੂੰ ਅੱਜ ਜਲ੍ਹਿਆਂਵਾਲਾ ਬਾਗ, ਰਾਮ ਬਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਰਾਸਤੀ ਪਿੰਡ, ਇਤਿਹਾਸਕ ਖਾਲਸਾ ਕਾਲਜ ਦੀ ਸ਼ਾਨਦਾਰ ਇਮਾਰਤ, ਕਿਲ੍ਹਾ ਗੋਬਿੰਦਗੜ੍ਹ, ਸਰਾਏ ਅਮਾਨਤ ਖਾਂ, ਪੁੱਲ ਮੋਰਾਂ ਅਤੇ ਹੋਰ ਇਤਿਹਾਸਕ 'ਤੇ ਧਾਰਮਿਕ ਕੇਂਦਰਾਂ ਨੂੰ ਸੈਰ-ਸਪਾਟਾ ਕੇਂਦਰਾਂ ਵਜੋਂ ਵਿਕਸਿਤ ਕਰਨ ਦੀ ਅਤਿ ਆਵਸ਼ਕਤਾ ਹੈ। ਉਨ੍ਹਾਂ ਕਿਹਾ ਕਿ ਇਸ ਉੱਦਮ ਨਾਲ ਆਉਣ ਵਾਲੇ ਸਮੇਂ ਵਿੱਚ ਜਿੱਥੇ ਸੈਰ ਸਪਾਟਾ ਕੇਂਦਰਾਂ ਨੂੰ ਹੱਲਾਸ਼ੇਰੀ ਮਿਲੇਗੀ, ਉੱਥੇ ਸ਼ਹਿਰ ਦੇ ਹੋਟਲ ਉਦਯੋਗ ਦੇ ਨਾਲ-ਨਾਲ ਸਮੁੱਚੀ ਅਰਥ-ਵਿਵਸਥਾ ਨੂੰ ਵੀ ਹੁਲਾਰਾ ਮਿਲੇਗਾ। ਇਸ ਅਵਸਰ ਤੇ ਮੁੱਖ ਮਹਿਮਾਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ: ਕਾਹਨ ਸਿੰਘ ਪੰਨੂੰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹੇਠ ਚੱਲ ਰਹੇ ਪ੍ਰੋਜੈਕਟਾਂ ਵਿੱਚ ਚੈਕ ਪੋਸਟ ਅਟਾਰੀ ਲਈ ਜ਼ਮੀਨ ਪ੍ਰਾਪਤ ਕਰਕਨ ਤੋਂ ਇਲਾਵਾ 120 ਕਰੋੜ ਰੁਪਏ ਰਾਖਵੇਂ ਰੱਖ ਗਏ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਰੇਲਵੇ ਸਟੇਸ਼ਨ ਨੂੰ ਅੰਤਰਰਾਸ਼ਟਰੀ ਪੱਧਰ ਦੀ ਦਿੱਖ ਪ੍ਰਦਾਨ ਕਰਨ ਦੇ ਭਰਪੂਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਐਲਾਨ ਕੀਤਾ ਕਿ ਐਲੀਵਿਡ ਰੋਡ ਨੂੰ ਅਗਲੇ ਦੋ ਮਹੀਨਿਆਂ ਵਿੱਚ ਮੁਕੰਮਲ ਕਰਕੇ ਆਮ ਜਨਤਾ ਲਈ ਖੋਲ੍ਹ ਦਿੱਤਾ ਜਾਵੇਗਾ।

ਨਵੰਬਰ 1984 ਸਿੱਖ ਕਤਲੇਆਮ ਪੀੜ੍ਹਤ ਪਰਿਵਾਰਾਂ ਵੱਲੋਂ ਭੁੱਖ ਹੜ੍ਹਤਾਲ ਦਾ ਦੂਸਰਾ ਦਿਨ

ਫਤਿਹਗੜ੍ਹ ਪੰਜਤੂਰ, 14 ਫਰਵਰੀ (ਸਤਨਾਮ ਅਕਾਲੀਆਂ ਵਾਲਾ)- ਨਵੰਬਰ 1984 ਸਿੱਖ ਕਤਲੇਆਮ ਪੀੜ੍ਹਤ ਪਰਿਵਾਰਾਂ ਵੱਲੋਂ ਜੋ ਡੀ.ਸੀ. ਦਫ਼ਤਰ ਮੋਗਾ ਦੇ ਬਾਹਰ ਲੜੀਵਾਰ ਭੁੱਖ ਹੜਤਾਲ ਕੀਤੀ ਜਾ ਰਹੀ ਹੈ ਅੱਜ ਪ੍ਰਧਾਨ ਰਜਿੰਦਰ ਸਿੰਘ ਸੰਘਾ ਜੀ ਨੇ ਪਹਿਲੇ ਪੰਜ ਬੰਦਿਆਂ ਨੂੰ ਜਲ ਪਾਣੀ ਪਿਆ ਕੇ ਨਵੇਂ 5 ਬੰਦਿਆਂ ਨੂੰ ਹਾਰ ਪਾ ਕੇ ਲੜੀਵਾਰ ਭੁੱਖ ਹੜਤਾਲ ਤੇ ਬਿਠਾਇਆ। ਮੇਜਰ ਸਿੰਘ ਮਾਹਲਾ ਖੁਰਦ, ਚਰਨ ਸਿੰਘ ਝੰਡੇਆਣਾ ਸ਼ਰਕੀ, ਜੈਬ ਸਿੰਘ ਭੂਲਰ, ਗੁਰਦੇਵ ਸਿੰਘ ਨੱਥੂਵਾਲਾ ਗਰੀਬ, ਗੁਰਦੀਪ ਸਿੰਘ ਬੁੱਘੀਪੁਰਾ ਅਤੇ ਪ੍ਰਸ਼ਾਸਨ ਤੇ ਸਰਕਾਰ ਨੂੰ ਤਾੜਨਾ ਕੀਤੀ ਜਦ ਤੱਕ ਪੀੜਤ ਪਰਿਵਾਰਾਂ ਦੀਆਂ ਸਾਰੀਆਂ ਮੰਗਾਂ ਤੋਂ ਅਮਲ ਨਹੀਂ ਕੀਤਾ ਜਾਵੇਗਾ ਤਦ ਤੱਕ ਇਹ ਲੜੀਵਾਰ ਭੁੱਖ ਹੜਤਾਲ ਜਾਰੀ ਰਹੇਗੀ ਕਿਉਂ ਜੋ ਪ੍ਰਸ਼ਾਸਨ ਸਰਕਾਰ ਵੱਲੋਂ ਦਿੱਤੀਆਂ ਹੋਈਆਂ ਹਦਾਇਤਾਂ ਨੂੰ ਜਾਣ ਬੁੱਝ ਕੇ ਤੋੜ ਮਰੋੜ ਕੇ ਪੀੜਤ ਪਰਿਵਾਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਤੋਂ ਵਾਂਝਾ ਰੱਖਣਾ ਚਾਹੁੰਦਾ ਹੈ ਜਿਵੇਂ ਕਿ ਪੀੜਤ ਪਰਿਵਾਰਾਂ ਦੇ ਬਣ ਰਹੇ ਨਵੇਂ ਲਾਲ ਕਾਰਡ ਦੀ ਪ੍ਰਕਿਰਿਆ ਮੌਕੇ ਪ੍ਰਸ਼ਾਸਨ ਵੱਲੋਂ ਬਾਹਰਲੇ ਸੂਬੇ ਵਿੱਚ ਰਹਿਣ ਸੰਬਧੀ ਨਵੰਬਰ 1984 ਤੋਂ ਇੱਕ ਸਾਲ ਪਹਿਲਾਂ ਦੇ ਬਣੇ ਹੋਏ ਰਾਸ਼ਨ ਕਾਰਡ ਬਿਜਲੀ ਦੇ ਬਿੱਲ ਬੱਚਿਆਂ ਦੇ ਜਨਮ ਸਰਟੀਫਿਕੇਟ ਆਦਿ ਲਾਗੂ ਕਰਕੇ ਲਾਲ ਕਾਰਡ ਨਾ ਬਣਾ ਕੇ ਦੇਣਾ ਜਦ ਕਿ ਸਰਕਾਰ ਵੱਲੋਂ ਇਹੋ ਅਜਿਹੀ ਕੋਈ ਵੀ ਹਦਾਤਿ ਜਾਰੀ ਨਹੀਂ ਹੋਈ ਜੋ 1984 ਦੇ ਬਾਹਰਲੇ ਸੂਬੇ ਰਹਿਣ ਸੰਬਧੀ ਇੱਕ ਸਾਲ ਦਾ ਸਬੂਤ ਹੋਵੇ ਇੱਕ ਗੱਲ ਜ਼ਰੂਰ ਹੈ ਕਿ ਸਰਕਾਰ ਵੱਲੋਂ 1 ਨਵੰਬਰ 1984 ਤੋਂ 11 ਨਵੰਬਰ 1985 ਦੇ ਸਮੇਂ ਵਿੱਚ ਪੰਜਾਬ ਆਉਣ ਦਾ ਸਬੂਤ ਕਿਰਾਏਨਾਮੇ ਦਾ ਹਲਫੀਆ ਬਿਆਨ ਮੰਨ ਲਿਆ ਗਿਆ ਹੈ ਅਤੇ ਪੰਜਾਬ ਵਿਚ ਲਗਾਤਾਰ ਰਹਿਣ ਸੰਬਧੀ ਸਬੂਤ ਆਦਿ ਨੂੰ ਮੰਨਿਆ ਗਿਆ ਹੈ ਪਰ ਪ੍ਰਸ਼ਾਸਨ ਆਪ ਦੇ ਵੱਲੋਂ ਨਵੀਆਂ ਨਵੀਆਂ ਹਦਾਇਤਾਂ ਜਾਰੀ ਕਰਕੇ ਲਾਲ ਕਾਰਡ ਬਨਣ ਵਿੱਚ ਅੜਿੱਕਾ ਡਾਹ ਰਹੇ ਹਨ। ਪੀੜਤ ਪਰਿਵਾਰਾਂ ਦੀਆਂ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਜਿਵੇਂ ਕਿ ਸਰਕਾਰ ਵੱਲੋਂ ਯੂਨੀਵਰਸਿਟੀਆਂ ਆਈ.ਟੀ.ਆਈ. ਕਾਲਜਾਂ ਤੇ ਡਿਗਰੀ ਕਾਲਜਾਂ ਵਿੱਚ ਦਾਖਲੇ ਸਮੇਂ ਅਤੇ ਸਰਕਾਰੀ ਨੌਕਰੀਆਂ ਵਿੱਚ 5 ਪ੍ਰਤੀਸ਼ਤ ਰਾਖਵਾਂ ਰੱਖਣ ਦੇ ਬਾਵਜੂਦ ਰਾਖਵਾਂ ਕਰਨ ਲਾਗੂ ਨਾ ਕਰਕਨਾ ਅਤੇ ਸਾਡੇ ਹੱਕ ਹੋਰਾਂ ਨੂੰ ਦੇ ਕੇ ਆਪਣੇ ਨਜ਼ਦੀਕੀਆਂ ਨੂੰ ਖੁਸ਼ ਕਰਨਾ ਅਤੇ ਪੀੜਤ ਪਰਿਵਾਰਾਂ ਦੇ ਮੁੜ ਵਸੇਵੇਂ ਵਾਸਤੇ ਕਾਲੋਨੀਆਂ ਬਣਾਕੇ ਮਕਾਨ ਆਦਿ ਦੇਣੇ ਜਦ ਤੱਕ ਸਾਡੀਆਂ ਇਹ ਸਾਰੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਅਸੀਂ ਇਸ ਤਰ੍ਹਾਂ ਭੁੱਖ ਹੜਤਾਲ ਜਾਰੀ ਰੱਖਾਂਗੇ ਜੇ ਪ੍ਰਸ਼ਾਸਨ ਅਤੇ ਸਰਕਾਰ ਫ਼ਿਰ ਵੀ ਸਾਡੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦਾ ਤਾਂ ਅਸੀਂ ਹੋਰ ਵੀ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਵਾਂਗੇ। ਅੱਜ ਦੀ ਇਕੱਤਰਤਾ ਵਿੱਚ ਪ੍ਰਧਾਨ ਜੀ ਤੋਂ ਇਲਾਵਾ ਰਣਜੀਤ ਸਿੰਘ ਕੋਟ ਈਸੇ ਖਾਂ, ਮਹਿੰਦਰ ਸਿੰਘ ਜਨਰਲ ਸਕੱਤਰ, ਨੈਬ ਸਿੰਘ, ਸੁਖਦੇਵ ਸਿੰਘ, ਜਸਵੰਤ ਸਿੰਘ, ਇਕਬਾਲ ਸਿੰਘ, ਅਵਤਾਰ ਸਿੰਘ, ਆਤਮਾ ਸਿੰਘ, ਹਰਚਰਨ ਸਿੰਘ, ਰੂਲਦੂ ਸਿੰਘ, ਬਲਦੇਵ ਸਿੰਘ, ਗੁਰਚਰਨ ਸਿੰਘ, ਤੋਤਾ ਸਿੰਘ, ਗੁਰਚਰਨ ਸਿੰਘ, ਬਾਰਾ ਸਿੰਘ, ਹਰਜੀਤ ਕੌਰ, ਮਨਜੀਤ ਕੌਰ, ਜਸਵੀਰ ਕੌਰ, ਇੰਦਰਜੀਤ ਕੌਰ, ਹਰਪਾਲ ਕੌਰ, ਕੁਲਦੀਪ ਕੌਰ, ਪਰਮਿੰਦਰ ਕੌਰ, ਅਮਰਜੀਤ ਕੌਰ, ਮੁਖਤਿਆਰ ਕੌਰ, ਪ੍ਰੀਤਮ ਕੌਰ, ਤੇਜ ਕੌਰ ਆਦਿ ਵੀ ਹਾਜ਼ਰ ਸਨ।

ਜੇ ਪ੍ਰਸ਼ਾਸਨ ਅਤੇ ਸਰਕਾਰ ਫ਼ਿਰ ਵੀ ਸਾਡੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦਾ ਤਾਂ ਅਸੀਂ ਹੋਰ ਵੀ ਸਖ਼ਤ ਕਦਮ ਚੁੱਕਣ ਲਈ ਮਜ਼ਬੂਰ ਹੋਵਾਂਗੇ

ਸਰਬ ਸਿੱਖਿਆ ਅਭਿਆਨ ਸਕੀਮ ਦੇ ਟੈਸਟ 'ਚ ਵਿਦਿਆਰਥੀਆਂ ਨਾਲ ਵਿਤਕਰਾ ਕਿਉਂ ?

ਕੁਹਾੜਾ, 14 ਫਰਵਰੀ (ਗੁਰਨਾਮ)- ਪੰਜਾਬ ਸਰਕਾਰ ਸੂਬੇ ਅੰਦਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਯੋਜਨਾਵਾਂ ਬਣਾ ਰਹੀ ਹੈ ਫਿਰ ਵੀ ਸਰਕਾਰੀ ਸਕੂਲਾਂ ਦੇ ਮੁਕਾਬਲੇ ਪ੍ਰਾਈਵੇਟ ਸਕੂਲਾਂ ਵਿੱਚ ਇਮਤਿਹਾਨਾਂ ਦੇ ਨਤੀਜੇ ਚੰਗੇ ਅਤੇ ਵਿਦਿਆਰਥੀਆਂ ਦੀ ਗਿਣਤੀ ਵੱਧ ਹੁੰਦੀ ਹੈ। ਪੰਜਾਬ ਸਰਕਾਰ ਦੇ ਦਾਅਵੇ ਖੋਖਲੇ ਹੋ ਕੇ ਰਹਿ ਗਏ ਹਨ ਜਿਸ ਤਰ੍ਹਾਂ ਅੱਜ ਕੱਲ੍ਹ ਸਰਕਾਰੀ ਸਕੂਲਾਂ ਵਿੱਚ ਸਰਬ ਸਿੱਖਿਆ ਅਭਿਆਨ ਵੱਲੋਂ ਛੇਵੀਂ ਸੱਤਵੀਂ ਦੇ ਬੱਚਿਆਂ ਦੀ ਪੜ੍ਹਾਈ ਨੂੰ ਉਤਸ਼ਾਹਿਤ ਕਰਨ ਲਈ ਟੈਸਟ ਲਿਆ ਗਿਆ ਪਰ ਉਸ ਟੈਸਟ ਵਿੱਚ ਬੀ.ਸੀ. ਅਤੇ ਜਰਨਲ ਵਿਦਿਆਰਥੀਆਂ ਨੂੰ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸਰਕਾਰੀ ਸਕੂਲਾਂ ਵਿੱਚ ਵੀ ਵਿਦਿਆਰਥਥੀਆਂ ਵਿੱਚ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ। ਇਸ ਸਰਬ ਸਿੱਖਿਆ ਅਭਿਆਨ ਯੋਜਨਾ ਵਿੱਚ ਵਿਦਿਆਰਥੀਆਂ ਨਾਲ ਵਿਤਕਰਾ ਕਰਨਾ ਸ਼ੋਭਾ ਦਿੰਦਾ ਹੈ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਇਸ ਵਿਤਕਰਾ ਦੀ ਨੀਤੀ ਪ੍ਰਤੀ ਕਾਫ਼ੀ ਨਿਰਾਸ਼ਾ ਪਾਈ ਜਾ ਰਹੀ ਹੈ। ਬੱਚਿਆਂ ਦੇ ਮਾਪਿਆਂ ਨੇ ਸਰਕਾਰ ਪ੍ਰਤੀ ਰੋਸ ਪ੍ਰਗਟ ਕਰਦਿਆਂ ਕਿਹਾ ਪੰਜਾਬ ਸਰਕਾਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਬਜਾਏ ਵਿਦਿਆਰਥੀਆਂ ਵਿੱਚ ਮਿਲਵਰਤਨ ਦੀ ਥਾਂ ਪਾੜਾ ਪਾ ਰਹੀ ਹੈ। ਉਨ੍ਹਾਂ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਸ ਸਕੀਮ ਤਹਿਤ ਹੋਏ ਵਿਦਿਆਰਥੀਆਂ ਨਾਲ ਵਿਤਕਰਾ ਦੀ ਉੱਚੀ ਪੱਧਰੀ ਜਾਂਚ

ਪੰਜਾਬ ਸਰਕਾਰ ਦੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਦਾਅਵੇ ਖੋਖਲੇ

271ਵੇਂ ਜਨਮ ਦਿਨ 'ਤੇ ਵਿਸ਼ੇਸ਼

ਗੋਆਰ ਵਣਜਾਰਾ ਭਾਈਚਾਰੇ ਦਾ ਮਾਣ

ਮਹਾਨ ਧਾਰਮਿਕ ਸ਼ਖ਼ਸੀਅਤ ਸੰਤ ਸੇਵਾ ਲਾਲ ਜੀ

ਸੰਤ ਸੇਵਾ ਲਾਲ ਜੀ ਦਾ ਜਨਮ 15 ਫ਼ਰਵਰੀ 1739 ਨੂੰ ਪਿਤਾ ਸ੍ਰੀ ਭੀਮਾ ਨਾਇਕ ਅਤੇ ਮਾਤਾ ਸ੍ਰੀਮਤੀ ਧਰਮਿਨੀ ਦੇ ਘਰ ਹੋਇਆ। ਉਨ੍ਹਾਂ ਦਾ ਜਿਸ ਸਥਾਨ 'ਤੇ ਜਨਮ ਹੋਇਆ ਉਸ ਸਥਾਨ ਨੂੰ ਰਾਮਾਗੁੰਡਮ ਜਾਂ ਰਾਮ ਜੀ ਨਾਇਕ ਟਾਂਡਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ। (ਰਾਮਾ ਜੀ ਨਾਇਕ ਸੰਤ ਸ੍ਰੀ ਸੇਵਾ ਲਾਲ ਜੀ ਦੇ ਦਾਦਾ ਜੀ ਸਨ ਜੋ ਇਸ ਸਥਾਨ 'ਤੇ ਆਪਣੇ ਸਮੁੱਚੇ ਟਾਂਡੇ ਦੇ 360 ਪਰਿਵਾਰਾਂ ਦੇ ਨਾਲ ਅਤੇ 4000 ਦੇ ਕਰੀਬ ਪਸ਼ੂ ਡੰਗਰਾਂ ਦੇ ਨਾਲ ਇਸ ਸਥਾਨ 'ਤੇ ਆਏ ਸਨ। ਰਾਮਾ ਜੀ ਨਾਇਕ ਟਾਂਡਾ ਜਦੋਂ ਇਸ ਆਬਾਦ ਹੋਏ ਤਾਂ ਉਸ ਸਮੇਂ 18ਵੀਂ ਸਦੀ ਸਮਾਪਤ ਹੋਣ ਦੇ ਕਿਨਾਰੇ ਸੀ ਤੇ ਇੱਥੇ ਜੋ ਲੋਕਲ ਆਬਾਦੀ ਵਸੀ ਉਨ੍ਹਾਂ ਨੇ ਇਸ ਸਥਾਨ ਨੂੰ ਚਿਨਾਰਿਆਆਣੀ ਪਾਲੇ ਪਿੰਡ ਦਾ ਨਾਂ ਦਿੱਤਾ। ਇਹ ਇਲਾਕਾ ਹੁਣ ਆਂਧਰਾ ਪ੍ਰਦੇਸ਼ ਦੇ ਜ਼ਿਲ੍ਹਾ ਅਨੰਤਪੁਰ ਦੇ ਤਹਿਸੀਲ/ਮੰਡਲ ਗੋਟੀ, ਮਾਲੀਆ ਪਿੰਡ ਪਿਦਾਦੋਦੀ ਵਿਚ ਪੈਂਦਾ ਹੈ। ਸੰਤ ਸ੍ਰੀ ਸੇਵਾ ਲਾਲ ਹੋਰਾਂ ਦਾ ਬਚਪਨ ਦਾ ਨਾਂ ਸੇਵਾ ਬਈਆ ਸੀ ਅਤੇ ਉਹ ਇਸ ਥਾਂ 'ਤੇ ਆਪਣੇ ਮਾਤਾ-ਪਿਤਾ ਨਾਲ ਲੱਗਭੱਗ 12 ਸਾਲ ਰਹੇ। ਇੱਥੇ ਉਹ ਕਾਲੋ ਕੁੰਡ (ਕੁਦਰਤੀ ਤਲਾਬ ਦੇ ਸਾਫ਼ ਪਾਣੀ ਵਿਚ) ਨਹਾਇਆ ਕਰਦੇ ਸਨ ਅਤੇ ਰਾਮ ਜੀ ਨਾਇਕ ਟਾਂਡਾ ਦੇ ਕੋਲ ਚੰਦਰਿਆਨਾ ਗੁੱਟਾ ਪਹਾੜੀ ਦੀ ਚੋਟੇ 'ਤੇ ਬਣੇ ਸ਼ਿਵ ਮੰਦਰ ਵਿਚ ਪੂਜਾ ਪਾਠ ਕਰਿਆ ਕਰਦੇ ਸਨ। ਬਾਕੀ ਸਮਾਂ ਉਹ ਆਪਣੇ ਮੱਝਾਂ ਗਾਵਾਂ ਨੂੰ ਜਮਾਰੀਜਾਂਦਾ ਜੌਹਲ ਪਾਮਜ਼ ਦੇ ਜੰਗਲਾਂ ਦੀਆਂ ਚਾਰਗਾਹਾਂ ਵਿਚ ਚਰਾਇਆ ਕਰਦੇ ਸਨ। ਇਨ੍ਹਾਂ ਸਥਾਨਾਂ ਦੀਆਂ ਯਾਦਾਂ ਅੱਜ ਵੀ ਇਨ੍ਹਾਂ ਸਥਾਨਾਂ 'ਤੇ ਮੌਜੂਦ ਹਨ। ਵਣਜਾਰਾ ਅਤੇ ਗੈਰ ਵਣਜਾਰਾ ਲੋਕਾਂ ਵਿਚ ਭੀਮਾ ਨਾਇਕ ਹੋਰਾਂ ਦੀ ਚੰਗੀ ਖਾਸੀ ਇੱਜ਼ਤ ਸੀ। ਸ੍ਰੀ ਭੀਮਾ ਨਾਇਕ ਦੇ ਇਲਾਕਾ ਵਿਚ ਮਾਣ-ਇਜ਼ਤ ਕਾਰਨ ਲੋਕਾਂ ਨੇ ਭੀਮਾ ਨਾਇਕ ਕੱਟਾ (ਪਲੇਟਫਾਰਮ) ਬਣਾਇਆ ਹੋਇਆ ਸੀ। ਜਿਸ 'ਤੇ ਬੈਠ ਕੇ ਸ੍ਰੀ ਭੀਮਾ ਨਾਇਕ ਆਪਣੇ ਇਲਾਕੇ ਦੇ ਵਣਜਾਰਿਆਂ ਅਤੇ ਹੋਰ ਟਾਂਡਿਆਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਦੇ ਸਨ ਅਤੇ ਉਨ੍ਹਾਂ ਦੇ ਝਗੜਿਆਂ ਦੇ ਫ਼ੈਸਲੇ ਕਰਦੇ ਸਨ।

ਬੰਗਲੌਰ ਦੀ ਵਣਜਾਰਾ ਧਾਰਮਿਕ ਪ੍ਰੀਸ਼ਦ ਨੇ ਸੰਤ ਸ੍ਰੀ ਸੇਵਾ ਲਾਲ ਜੀ ਦੇ ਜੀਵਨ ਸੰਬੰਧੀ ਬਹੁਤ ਵਿਸ਼ਾਲ ਰੂਪ ਵਿਚ ਖੋਜ ਕੀਤੀ ਹੈ ਅਤੇ ਨਾਲ ਹੀ ਵਣਜਾਰਾ ਲੋਕ ਗੀਤ ਅਤੇ ਲੋਕ ਰਵਾਇਤਾਂ ਬਾਰੇ ਵੀ ਵਿਰਸੇ ਦੀ ਸੰਭਾਲ ਕੀਤੀ ਹੈ। ਸੰਤ ਸ੍ਰੀ ਸੇਵਾ ਲਾਲ ਸੰਬੰਧੀ ਅਨੇਕਾਂ ਪੁਸਤਕਾਂ ਵੀ ਲਿਖੀਆਂ ਗਈਆਂ ਹਨ। ਜਿਨ੍ਹਾਂ ਵਿਚ ਉਨ੍ਹਾਂ ਨੂੰ ਸਮੁੱਚੇ ਵਣਜਾਰਾ ਸਮਾਜ ਅਤੇ ਗੁਆਰ ਭਾਈਚਾਰੇ ਦੀ ਮਹਾਨ ਧਾਰਮਿਕ ਸ਼ਖ਼ਸੀਅਤ ਵਜੋਂ ਸਤਿਕਾਰਿਆ ਗਿਆ ਹੈ। ਸੰਤ ਸ੍ਰੀ ਸੇਵਾ ਲਾਲ ਜੀ ਦੇ ਜਨਮ ਅਸਥਾਨ ਦੀ ਪਹਿਲੀ ਵਾਰ ਪਹਿਚਾਣ 15.02.20001 ਨੂੰ ਕੀਤੀ ਗਈ ਅਤੇ ਉੱਥੇ ਉਨ੍ਹਾਂ ਦਾ 262ਵਾਂ ਜਨਮ ਦਿਨ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਥਾਨ ਨੂੰ ਸੇਵਾਗਾਰਡ ਦਾ ਨਾਮ ਦਿੱਤਾ ਗਿਆ ਅਤੇ ਸ੍ਰੀ ਰਣਜੀਤ ਨਾਇਕ ਆਲ ਇੰਡੀਆ ਵਣਜਾਰਾ ਸੰਘ ਦੇ ਪ੍ਰਧਾਨ ਸਨ, ਨੂੰ ਇਸ ਦੀ ਸੇਵਾ ਸੰਭਾਲ ਸੌਂਪੀ ਗਈ। ਹੁਣ ਦੇਸ਼ ਵਿਚ ਵਿਚ ਸੰਤ ਸ੍ਰੀ ਸੇਵਾ ਲਾਲ ਜੀ ਦਾ ਪ੍ਰਚਾਰ ਸਮੂਹ ਗੋਆਰ ਅਤੇ ਵਣਜਾਰਾ ਭਾਈਚਾਰੇ ਵਿਚ ਵੱਧਦਾ ਜਾ ਰਿਹਾ ਹੈ। ਇਸੇ ਪ੍ਰਚਾਰ ਦਾ ਹੀ ਸਦਕਾ ਹੈ ਕਿ 15 ਫ਼ਰਵਰੀ ਦਿਨ ਸੋਮਵਾਰ ਨੂੰ ਸੰਤ ਸ੍ਰੀ ਸੇਵਾ ਲਾਲ ਜੀ ਦੇ 271ਵੇਂ ਜਨਮ ਦਿਨ ਸੰਬੰਧੀ ਵਿਸ਼ੇਸ਼ ਸਮਾਗਮ ਫਗਵਾੜਾ ਵਿਖੇ ਮੁਹੱਲਾ ਧਰਮਕੋਟ ਹੁਸ਼ਿਆਰਪੁਰ ਰੋਡ ਵਿਖੇ ਮਨਾਇਆ ਜਾ ਰਿਹਾ ਹੈ। ਇਹ ਸਮਾਗਮ ਸ੍ਰੀ ਗੁਰੂ ਸੇਵਾ ਲਾਲ ਸੁਸਾਇਟੀ ਫਗਵਾੜਾ ਵਲੋਂ ਮਨਾਇਆ ਜਾ ਰਿਹਾ ਹੈ। ਗੋਆਰ ਵਣਜਾਰਾ ਭਾਈਚਾਰੇ ਦੀ ਜਾਗ੍ਰਿਤੀ ਲਈ ਦਿਨ ਰਾਤ ਸਰਗਰਮ ਅਮਰੀਕਾ ਵਾਸੀ ਸ੍ਰੀ ਓਮ ਪ੍ਰਕਾਸ਼ ਕਮਲ ਧਰਮਸੋਤ ਮੁੱਖ ਸੰਪਾਦਕ ਵਣਜਾਰਾ ਟਾਈਮਜ਼ ਦੀ ਪ੍ਰੇਰਨਾ ਨਾਲ ਇਹ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਸੇਵਾ ਲਾਲ ਸੁਸਾਇਟੀ ਦੇ ਪ੍ਰਧਾਨ ਧਰਮਪਾਲ ਧਰਮਸੋਤ, ਸੁਖਦੇਵ ਧਰਮਸੋਤ, ਸਰਪ੍ਰਸਤ ਬੀਰਾ ਰਾਮ ਐਮ.ਸੀ., ਦਰਸ਼ਨ ਲਾਲ ਧਰਮਸੋਤ, ਸਕੱਤਰ ਮਹਿੰਦਰ ਪਰਵਾਨਾ, ਜਰਨਲ ਸਕੱਤਰ ਪਰਮਜੀਤ ਧਰਮਸੋਤ, ਸੋਢੀ ਧਰਮਸੋਤ, ਕੈਸ਼ੀਅਰ ਅਮਰਜੀਤ ਧਰਮਸੋਤ ਤੋਂ ਇਲਾਵਾ ਸ੍ਰੀ ਅਜੀਤ ਬਲਕਾਰ, ਅਸ਼ੋਕ, ਮਹਿੰਦਰ ਪਾਲ, ਬਲਵਿੰਦਰ ਬੱਬੂ, ਅਮਰਜੀਤ ਤੇ ਹੋਰ ਤਿਆਰ ਕੀਤੀ ਸੰਤ ਸ੍ਰੀ ਸੇਵਾ ਲਾਲ ਜੀ ਸੰਬੰਧੀ ਗੀਤਾਂ ਦੀ ਕੈਸਿਟ 'ਜੈ-ਜੈ ਗੁਰੂ ਸੇਵਾ ਲਾਲ' ਵੀ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਵਣਜਾਰਾ ਸਮਾਜ ਦੀਆਂ ਉੱਘੀਆਂ ਸ਼ਖ਼ਸੀਅਤਾਂ ਵਲੋਂ ਇਹ ਸਮਾਗਮ ਕੀਤਾ ਜਾ ਰਿਹਾ ਹੈ। ਇਸ ਸਮਾਗਮ ਵਿਚ ਗੋਆਰ ਭਾਈਚਾਰੇ ਦੀ ਮਾਣਮੱਤੀ ਗਾਇਕ ਜੋੜੀ ਲਖਵੀਰ ਲੱਖਾ ਅਤੇ ਗੁਰਿੰਦਰ ਨਾਜ ਵੱਲੋਂ ਸਮਾਗਮ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਗੋਆਰ ਵਣਜਾਰਾ ਭਾਈਚਾਰੇ ਨਾਲ ਸੰਬੰਧਿਤ ਸ਼ਖ਼ਸੀਅਤਾਂ ਪਹੁੰਚ ਕੇ ਆਪਣੇ ਵਿਚਾਰ ਪ੍ਰਗਟ ਕਰਨਗੀਆਂ।

-ਹਰਪ੍ਰੀਤ ਸਿੰਘ ਲੇਹਿਲ

ਗੋਆਰ ਵਣਜਾਰਾ ਭਾਈਚਾਰੇ ਦੀ ਗਾਇਕ ਜੋੜੀ ਲਖਵੀਰ ਲੱਖਾ ਅਤੇ ਗੁਰਿੰਦਰ ਨਾਜ ਵਲੋਂ ਸੰਤ ਸ੍ਰੀ ਸੇਵਾ ਲਾਲ ਜੀ ਦੇ 271ਵੇਂ ਜਨਮ ਦਿਨ ਸੰਬੰਧੀ ਤਿਆਰ ਕੀਤੀ ਵਿਸ਼ੇਸ਼ ਆਡੀਓ ਸੀ.ਡੀ. ਜੋ 15 ਫਰਵਰੀ ਨੂੰ ਫਗਵਾੜਾ ਵਿਖੇ ਇਸ ਸੰਬੰਧੀ ਆਯੋਜਿਤ ਸਮਾਗਮ ਵਿੱਚ ਰਿਲੀਜ਼ ਕੀਤੀ ਜਾ ਰਹੀ ਹੈ, ਦਾ ਟਾਈਟਲ ਕਵਰ।

ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੂਜੇ ਸੂਬਿਆਂ ਤੋਂ ਆਏ ਨੌਜਵਾਨਾਂ ਨੂੰ ਬੂਟਿਆਂ ਦਾ ਪ੍ਰਸ਼ਾਦ ਵੰਡਦੇ ਹੋਏ। ਫੋਟੋ: ਰਾਜਵੀਰ ਸਿੰਘ

ਦੇਸ਼ ਦੇ ਗੰਧਲੇ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਨੌਜਵਾਨ ਪੀੜ੍ਹੀ ਅੱਗੇ ਆਵੇ- ਸੰਤ ਸੀਚੇਵਾਲ

ਸੁਲਤਾਨਪੁਰ ਲੋਧੀ, 14 ਫ਼ਰਵਰੀ (ਰਾਜਵੀਰ ਸਿੰਘ)- ਵਾਤਾਵਰਨ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਦੇਸ਼ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਦਾ ਭਵਿੱਖ ਹੁੰਦੇ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਧਾਰਨ ਲਈ ਨੌਜਵਾਨ ਪੀੜ੍ਹੀ ਦਾ ਇਹ ਮੁੱਢਲਾ ਫਰਜ਼ ਤੇ ਧਰਮ ਬਣਦਾ ਹੈ ਕਿ ਉਹ ਚੌਗਿਰਦੇ ਨੂੰ ਸਾਫ਼-ਸੁਥਰਾ ਰੱਖਣ ਲਈ ਸੰਜੀਦਗੀ ਨਾਲ ਯਤਨ ਕਰਨ। ਸੰਤ ਸੀਚੇਵਾਲ ਪਵਿੱਤਰ ਕਾਲੀ ਵੇਈਂ ਦੇ ਕੰਢੇ 'ਤੇ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਆਏ ਨੌਜਵਾਨਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਦੁਨੀਆਂ ਦਾ ਅਜਿਹਾ ਕੋ ਕੰਮ ਨਹੀਂ ਜਿਹੜਾ ਨੌਜਵਾਨ ਪੀੜ੍ਹੀ ਅੱਗੇ ਰੁਕਾਵਟ ਬਣਿਆ ਹੋਵੇ। ਉਨ੍ਹਾਂ ਕਿਹਾ ਕਿ ਨੌਜਵਾਨਾਂ 'ਚ ਅਥਾਹ ਸ਼ਕਤੀ ਹੁੰਦੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਸ ਅਸਥਾਨ ਸ਼ਕਤੀ ਦਾ ਸਦਉਪਯੋਗ ਕਰਨ ਲਈ ਕੌਮੀ ਨੀਤੀ ਬਣਾਏ। ਨਹਿਰੂ ਯੁਵਾ ਕੇਂਦਰ ਸੰਗਠਨ ਨਵੀਂ ਦਿੱਲੀ ਦੇ ਦੇਖ-ਰੇਖ ਹੇਠਾਂ ਗਾਏ ਗਏ ਕੌਮੀ ਏਕਤਾ ਤੇ ਅਖੰਡਤਾ ਕੈਂਪ 'ਚ ਹਿੱਸਾ ਲੈਣ ਵਾਲੇ ਨੌਜਵਾਨਾਂ ਨੇ ਅੱਜ ਪਵਿੱਤਰ ਕਾਲੀਂ ਵੇਈਂ ਸਮੇਤ ਸੁਲਤਾਨਪੁਰ ਲੋਧੀ ਦੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕੀਤੇ। ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਆਏ ਲੱਗਭੱਗ 150 ਦੇ ਕਰੀਬ ਨੌਜਵਾਨਾਂ ਨੇ ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਬਾਰੇ ਵਾਤਾਵਰਨ ਪ੍ਰੇਮੀ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਤੋਂ ਜਾਣਕਾਰੀ ਲਈ। ਇਸ ਮੌਕੇ ਵਾਤਾਵਰਣ ਪ੍ਰੇਮੀ ਸੰਤ ਬਰਬੀਰ ਸਿੰਘ ਸੀਚੇਵਾਲ ਨੇ ਦੂਜੇ ਸੂਬਿਆਂ ਤੋਂ ਆਏ ਨੌਜਵਾਨਾਂ ਨੂੰ ਬੂਟਿਆਂ ਦਾ ਪ੍ਰਸ਼ਾਦ ਵੰਡਿਆ। ਇਸ ਮੌਕੇ ਨਹਿਰੂ ਯੁਵਾ ਕੇਂਦਰ ਜਲੰਧਰ ਤੇ ਕਪੂਰਥਲਾ ਦੇ ਯੂਥ ਕੋਆਰਡੀਨੇਟਰ ਸੈਮਸਨ ਮਸੀਹ, ਸੀਨੀਅਰ ਲੇਖਾਕਾਰ ਸੁਰਿੰਦਰ ਸਿੰਘ, ਬਲਬੀਰ ਸਿੰਘ ਜੌਹਲ, ਨਹਿਰੂ ਯੁਵਾ ਕੇਂਦਰ ਦੇ ਕੋਆਰਡੀਨੇਟਰ ਕੁਲਵੰਤ ਸਿੰਘ ਆਦਿ ਮੌਜੂਦ ਸਨ।